10

# ਸਾਡਾ ਖ਼ੁਦਾ ਕਿਹੋ ਜਿਹਾ ਵਿਖਾਈ ਦਿੰਦਾ ਹੈ ?

ਖ਼ੁਦਾ ਦਾ ਸਾਰ ਹੀ *pneuma* ਹੈ ਜਿਸਦਾ ਅਰਥ ਹੈ ''ਆਤਮਾ।'' ਯੂਨਾਨੀ ਭਾਸ਼ਾ ਵਿਚ ''ਆਤਮਾ'' ਅਲਿੰਗੀ ਹੈ, ਜਿਸਦਾ ਮਤਲਬ ਇਹ ਹੈ ਕਿ ਇਸ ਸ਼ਬਦ ਦੇ ਗੁਣ ਨਾ ਤਾਂ ਨਰ ਹਨ ਅਤੇ ਨਾ ਹੀ ਮਾਦਾ। ਯਿਸੂ ਨੇ ਆਖਿਆ ਸੀ ਕਿ ਸਾਨੂੰ *pneumati* ਭਾਵ ''ਆਤਮਾ ਨਾਲ'' (ਬਿਨਾਂ ਲਿੰਗ ਵਿਚਾਰ ਤੋਂ) ਬੰਦਗੀ ਕਰਨੀ ਚਾਹੀਦੀ ਹੈ (ਯੂਹੰਨਾ 4:24)। ਇਸ ਨਾਲ ਸਾਨੂੰ ਬਪਤਿਸਮਾ ਲੈਣ ਵਾਲਿਆਂ ਵਿਖੇ ਪੌਲੁਸ ਦੀ ਇਕ ਮਹਾਨ ਤਸਦੀਕ ਚੇਤੇ ਆਉਂਦੀ ਹੈ: ''ਹੁਣ ਨਾ ਕੋਈ ਯਹੂਦੀ ਰਿਹਾ ਅਤੇ ਨਾ ਹੀ ਯੂਨਾਨੀ, ਨਾ ਕੋਈ ਗ਼ੁਲਾਮ, ਨਾ ਅਜ਼ਾਦ, ਨਾ ਕੋਈ *ਨਰ, ਨਾ ਨਾਰੀ* ਕਿਉਂਕਿ ਤੁਸੀਂ ਸਾਰੇ ਮਸੀਹ ਯਿਸੂ ਵਿਚ ਇਕ ਹੋ'' (ਗਲਾਤੀਆਂ 3:28)।

ਲਿੰਗ-ਯਾਨੀ ਨਰ ਅਤੇ ਮਾਦਾ ਦੇ ਵਿਚਾਰ ਨੂੰ ਸ਼ਾਮਿਲ ਕੀਤੇ ਬਗੈਰ ਗੱਲ ਕਰਨੀ ਥੋੜ੍ਹੀ ਅਜੀਬ ਲਗ ਸਕਦੀ ਹੈ। ਪਰ ਯੂਨਾਨੀ ਸਮੇਤ ਕਈ ਭਾਸ਼ਾਵਾਂ ਵਿਚ ਇਸੇ ਤਰ੍ਹਾਂ ਹੁੰਦਾ ਹੈ।

ਫਿਰ ਅਸੀਂ ਖ਼ੁਦਾ ਨੂੰ ਪਿਤਾ ਕਿਵੇਂ ਕਹਿ ਸਕਦੇ ਹਾਂ? ਇਹਦਾ ਜਵਾਬ ਦੋ ਤਰ੍ਹਾਂ ਨਾਲ ਦਿੱਤਾ ਜਾ ਸਕਦਾ ਹੈ।

## ਇਕ ਅਨਾਦੀ ਪਿਤਾ

ਅਸੀਂ ਸਿੱਧੇ ਹੀ ਖ਼ੁਦਾਈ ਦੇ ਅੰਦਰਲੇ ਸੰਬੰਧਾਂ ਵਿਚ ਚਲੇ ਜਾਂਦੇ ਹਾਂ। ਇੱਥੇ ਸਾਨੂੰ ਖ਼ੁਦਾ ਦੇ ਜ਼ਰੂਰੀ ਸੁਭਾਅ ਵਿਚ ਇਕ ਸਵਾਲ ਦਾ ਜਵਾਬ ਮਿਲਦਾ ਹੈ। ਉਹ ਇਕ ਤਸਲੀਸੀ ਖ਼ੁਦਾ ਹੈ, ਜਿਸਦਾ ਸਾਰ ਆਤਮਾ ਹੈ, ਜਿਸ ਵਿਚ ਤਿੰਨ ਸ਼ਖ਼ਸ ਹਨ। ਅਨਾਦੀ ਖ਼ੁਦਾ ਹੀ ਅਨਾਦੀ ਪਿਤਾ, ਅਨਾਦੀ ਪੁੱਤਰ ਅਤੇ ਅਨਾਦੀ ਆਤਮਾ ਹੈ। ਇਸ ਲਈ ਖ਼ੁਦਾ ਨੂੰ ਪਹਿਲਾਂ ਪਿਤਾ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ, ਕਿਉਂਕਿ ਪਿਤਾ ਦੇ ਰੂਪ ਵਿਚ ਆਪਣੇ ''ਇਕਲੌਤੇ ਪੁੱਤਰ'' (ਯੂਹੰਨਾ 3:16) ਨਾਲ ਉਹਦਾ ਸਦਾ ਤੋਂ ਸਦਾ ਤਕ ਸਬੰਧ ਹੈ। ਪਰਮੇਸ਼ੁਰ ਪਿਤਾ, ਪਰਮੇਸ਼ੁਰ ਪੁੱਤਰ ਅਤੇ ਪਰਮੇਸ਼ੁਰ ਆਤਮਾ ਸਦਾ ਤੋਂ ਹਨ। ਪਰਮੇਸ਼ੁਰ ਪੁੱਤਰ ਨੂੰ ਰਚਿਆ ਨਹੀਂ ਗਿਆ। ਪਰਮੇਸ਼ੁਰ ਆਤਮਾ ਪਰਮੇਸ਼ੁਰ ਪਿਤਾ ਵੱਲੋਂ ਹੀ ਆਉਂਦਾ ਹੈ ਅਤੇ ਉਸ ਨੂੰ ਪਰਮੇਸ਼ੁਰ ਪੁੱਤਰ ਵੱਲੋਂ ਘੱਲਿਆ ਜਾਂਦਾ ਹੈ (ਯੂਹੰਨਾ 15:26)।

ਇਸ ਸਭ ਦਾ ਅਰਥ ਇਹ ਹੈ ਕਿ ਪੂਰੇ ਅਨਾਦੀਕਾਲ ਵਿਚ ਅਜਿਹਾ ਕੋਈ ਮੌਕਾ ਨਹੀਂ ਆਇਆ ਜਦ ''ਰਚਨਾ ਬਣਾਉਣ'' ਜਾਂ ਮੋਅਜਜ਼ਾ ਕਰਨ ਲਈ ਖ਼ੁਦਾ ਨੂੰ ਕਿਸੇ ਮਾਦਾ ਦੀ ''ਲੋੜ'' ਪਈ ਹੋਵੇ।[1] ਅਜਿਹੀਆਂ ਬੇਕਾਰ ਧਾਰਨਾਵਾਂ ਦਾ ਅਧਾਰ ਮੂਰਤੀਪੂਜਾ ਅਤੇ ਮਿਥਹਾਸ ਹੁੰਦਾ ਹੈ। ਪੁਰਾਣੇ ਨੇਮ ਵਿਚ ਕਨਾਨੀਆਂ ਦੇ ਸੰਤਾਨ ਦੇਣ ਵਾਲੇ ਨਰ ਅਤੇ ਮਾਦਾ ਦੇਵਤਿਆਂ ਦੇ ਵਿਰੋਧ ਵਿਚ ਸੀ।[2]

ਫਿਰ ਖ਼ੁਦਾ ਨੂੰ ਪਿਤਾ ਕਿਵੇਂ ਕਿਹਾ ਜਾ ਸਕਦਾ ਹੈ? ਅਸੀਂ ਉਸ ਨੂੰ ਪਿਤਾ ਇਸ ਲਈ ਆਖਦੇ ਹਾਂ ਕਿਉਂਕਿ ਖ਼ੁਦਾਈ ਵਿਚ ਆਤਮਿਕ ਸੁਭਾਓ ਨਾਲ ਉਹ ਅਨਾਦੀ ਪਿਤਾ ਹੈ। ਜਿਵੇਂ ਸਾਰ ਵਿਚ ਉਹ

ਆਤਮਾ ਹੈ ਉਵੇਂ ਹੀ ਵਿਅਕਤੀ ਵਿਚ ਉਹ ਪਿਤਾ ਹੈ।

## ਇਕ ਸਿਰਜਣਹਾਰ ਪਿਤਾ

ਖ਼ੁਦਾ ਦੇ ਪਿਤਾ ਹੋਣ ਦੇ ਸਵਾਲ ਦੀ ਖੋਜ ਲਈ ਸਾਡੀ ਦੂਸਰੀ ਦਿਸ਼ਾ ਖ਼ੁਦਾਈ ਦੇ ਅੰਦਰੂਨੀ ਸੁਭਾਅ ਦੇ ਬਾਹਰ ਚਲੀ ਜਾਂਦੀ ਹੈ। ਅੱਗੇ ਵਧਦੇ ਹੋਏ, ਸਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਭਾਵੇਂ ਤਸਲੀਸ ਜਾਂ ਤ੍ਰਿਏਕਤਾ ਵਿਚ ਵਿਅਕਤੀਆਂ ਵਿਚ ਭਿੰਨਤਾ ਵਿਖਾਈ ਦਿੰਦੀ ਹੈ, ਪਰ ਜੋ ਕੁਝ ਉਨ੍ਹਾਂ ਨੇ ਕੀਤਾ ਹੈ ਜਾਂ ਜੋ ਉਹ ਕਰ ਰਹੇ ਹਨ, ਉਸ ਸਭ ਤੋਂ ਉਨ੍ਹਾਂ ਦੇ ਕੰਮ ਵਿਚ ਇਕਜੁਟੱਤਾ ਸਾਫ਼ ਵਿਖਾਈ ਦੇਂਦੀ ਹੈ। ਸਾਡੀ ਇਸ ਗੱਲ ਨੂੰ ਤਿੰਨ ਉਦਾਹਰਣਾਂ ਨਾਲ ਸਾਬਿਤ ਕੀਤਾ ਜਾ ਸਕਦਾ ਹੈ। *ਸਿਰਜਣਾ* ਪਹਿਲੀ ਉਦਾਹਰਣ ਹੈ (ਉਤਪਤ 1:1, 2; ਯੂਹੰਨਾ 1:1-3; ਇਬਰਾਨੀਆਂ 1:1-3)। ਇਹ ਮੁਕੰਮਲ ਤੌਰ ਤੇ ਤ੍ਰਿਏਕਤਾ ਦਾ ਕੰਮ ਹੈ। *ਮੁਕਾਸ਼ਫ਼ੇ* ਰਾਹੀਂ ਉਦਾਹਰਣ ਹੈ (ਗਲਾਤੀਆਂ 1:12; ਅਫ਼ਸੀਆਂ 3:2-6)। ਇਹ ਵੀ ਸੰਪੂਰਣ ਰੂਪ ਵਿਚ ਤ੍ਰਿਏਕਤਾ ਦਾ ਕੰਮ ਹੈ। ਪਛਤਾਵਾ, ਤੀਜੀ ਉਦਾਹਰਣ ਇਸ ਵਿਚ ਵੀ ਸੰਪੂਰਣ ਖ਼ੁਦਾ ਅਰਥਾਤ ਤਸਲੀਸ ਦਾ ਕੰਮ ਹੈ (ਇਬਰਾਨੀਆਂ 9:14; 10:3-10)।

ਉਦਾਹਰਣਾਂ ਹੋਰ ਵੀ ਦਿੱਤੀਆਂ ਜਾ ਸਕਦੀਆਂ ਸਨ। ਪਰ ਇਹ ਵਿਖਾਉਣ ਲਈ ਕਿ ਖ਼ੁਦਾ ਆਪਣੇ ਸਾਰੇ ਕੰਮ ਵਿਚ ''ਪੂਰੀ ਤਰ੍ਹਾਂ'' ਲੱਗਾ ਹੋਇਆ ਹੈ, ਐਨਾ ਹੀ ਕਾਫ਼ੀ ਹੈ। ਰਚਨਾ, ਮੁਕਾਸ਼ਫ਼ਾ ਅਤੇ ਪ੍ਰਾਸ਼ਚਿਤ ਵਿਚ ਇਕੱਲਾ ਖ਼ੁਦਾ ਹੀ ਨਹੀਂ ਹੈ। ਇਨ੍ਹਾਂ ਕੰਮਾਂ ਵਿਚ ਇਨ੍ਹਾਂ ਤਿੰਨਾਂ ਦੀਆਂ ਵੱਖੋ-ਵੱਖ ਭੂਮਿਕਾਵਾਂ ਕਿਸੇ ਵੀ ਕੰਮ ਵਿਚ ਉਨ੍ਹਾਂ ਦੀ ਏਕਤਾ ਨੂੰ ਰੱਦ ਨਹੀਂ ਕਰਦੀਆਂ, ਬਲਕਿ ਉਹਦਾ ਦਾਇਰਾ ਵਧਾ ਦਿੰਦੀਆਂ ਹਨ। ਉਦਾਹਰਣ ਲਈ, ਛੁਟਕਾਰੇ ਦੀ ਸਾਰੀ ਯੋਜਨਾ ਵਿਚ, ਪਰਮੇਸ਼ੁਰ ਪਿਤਾ ਨੇ ਪਰਮੇਸ਼ੁਰ ਪੁੱਤਰ ਨੂੰ ਸੰਸਾਰ ਦੇ ਸਾਰੇ ਪਾਪਾਂ ਨੂੰ ਲੈ ਕੇ ਸਲੀਬ ਤੇ ਮਰਨ ਲਈ ਘੱਲ ਦਿੱਤਾ। ਪਰ ਖ਼ੁਦਾ ਪਿਤਾ ਸਲੀਬ ਤੇ ਨਹੀਂ ਮਰਿਆ, ਨਾ ਹੀ ਉਸਨੇ ਸਲੀਬੀ ਦੁੱਖ ਝੱਲਿਆ। ਪਰਮੇਸ਼ੁਰ ਪਿਤਾ ਨੇ ਸਾਡੇ ਲਈ ਪਰਮੇਸ਼ੁਰ ਪੁੱਤਰ ਨੂੰ ਮਰਨ ਲਈ ਭੇਜ ਦਿੱਤਾ। ਪੁੱਤਰ ਦੇ ਦਫ਼ਨਾਏ ਜਾਣ ਅਤੇ ਮੁੜ ਜੀ ਉੱਠਣ ਦੇ ਬਾਅਦ, ਪਰਮੇਸ਼ੁਰ ਪਿਤਾ ਨੇ ਉਸ ਨੂੰ ਆਪਣੇ ਸੱਜੇ ਹੱਥ ਬਿਠਾ ਕੇ ਸਾਰਾ ਅਖ਼ਤਿਆਰ ਅਤੇ ਸ਼ਕਤੀ ਦੇ ਦਿੱਤੀ (ਮੱਤੀ 28:18; ਯੂਹੰਨਾ 3:16; ਅਤੇ ਰਸੂਲਾਂ ਦੇ ਕੰਮ 2:23-33)। ਖ਼ੁਦਾਈ ਦੇ ਸੁਭਾਅ ''ਅੰਦਰ'' ਖ਼ੁਦਾ ਦੇ ਕੰਮਾਂ ''ਬਗ਼ੈਰ'' ਨੀਝ ਲਾ ਕੇ ਪਿਤਾ ਦੇ ਰੂਪ ਵਿਚ ਖ਼ੁਦਾ ਬਾਰੇ ਕੀ ਨਿਚੋੜ ਕੱਢਿਆ ਜਾ ਸਕਦਾ ਹੈ? ਉਹ ਕਿਸੇ ਨਾਲ ਸਰੀਰਿਕ ਸਬੰਧ ਬਣਾਉਣ ਜਾਂ ਆਪਣੀ ਮਰਦਾਨਗੀ ਦੇ ਸਬੱਬ ਨਹੀਂ ਬਲਕਿ ਆਪਣੇ ਖ਼ੁਦਾਈ ਸੁਭਾਅ ਤੋਂ ਅਨਾਦੀ ਪਿਤਾ ਅਖਵਾਉਂਦਾ ਹੈ। ਸਿਰਜਣਾ ਦਾ ਉਹਦਾ ਕੰਮ ਇਕੱਲੇ ਖ਼ੁਦਾ ਦਾ ਨਹੀਂ; ਬਲਕਿ ਪੂਰਣਤਾ ਵਿਚ ਖ਼ੁਦਾ ਦਾ ਹੈ। ਫਿਰ ਸ਼ੁਕਰਗੁਜ਼ਾਰ ਯੋਗਦਾਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਹ ਮਨੁੱਖੀ ਕੌਮ ਦੇ ਮਾਮਲਿਆਂ ਅਤੇ ਭਵਿੱਖ ਵਿਚ ਵੀ ਵਿਲੱਖਣ ਭੂਮਿਕਾ ਨਿਭਾਉਂਦਾ ਹੈ।

ਇਸ ਦੀ ਰੋਸ਼ਨੀ ਵਿਚ ਇਹ ਤਾਂ ਸਾਫ਼ ਹੈ ਕਿ ਖ਼ੁਦਾ ਲਈ ''ਪਿਤਾ'' ਸ਼ਬਦ ਇਹ ਸਬੂਤ ਨਹੀਂ ਹੈ ਕਿ ਪੁਰਾਣੇ ਸਮੇਂ ਦੇ ਲੋਕ ਉਸ ਵਿਚ ਵਧੇਰੇ ਭਰੋਸਾ ਰੱਖਦੇ ਸਨ।[3] ਜਿਵੇਂ ਅਸੀਂ ਪਹਿਲਾਂ ਹੀ ਆਖਿਆ ਹੈ, ਮੂਰਤੀਪੂਜਕ ਸਮਾਜਾਂ ਵਿਚ ਆਮ ਤੌਰ ਤੇ ਆਪਣਿਆਂ ਦੇਵਤਿਆਂ ਨੂੰ ਨਰ ਅਤੇ ਮਾਦਾ ਦੇ ਰੂਪ ਵਿਚ ਵੇਖਿਆ ਜਾਂਦਾ ਸੀ। ਜੇ ਸਾਰੇ ਨਹੀਂ ਤਾਂ ਉਨ੍ਹਾਂ ਦੀ ਵਧੇਰੇ ਪੂਜਾ ਦਾ ਤਰੀਕਾ ਜਣਨ ਦੀ ਸ਼ਕਤੀ ਦੀਆਂ ਰਵਾਇਤਾਂ ਹੀ ਹੁੰਦੀਆਂ ਸਨ। ਕਈ ਦੇਵਤਾ ਅਤੇ ਉਨ੍ਹਾਂ ਦੀ ਪਤਨੀਆਂ ਜੰਗਲ ਦੇ ਨਿਵਾਸੀਆਂ ਵਾਂਗ ਉੱਛਲਦੇ ਕੁੱਦਦੇ ਸਨ। ਕਈ ਵਾਰੀ ਇਨ੍ਹਾਂ ਰੀਤਾਂ ਵੱਲ ਇਸਰਾਏਲੀ ਲੋਕ ਵੀ ਖਿੱਚੇ ਜਾਂਦੇ, ਜਿਵੇਂ ਕਿ ਬਾਰ ਬਾਰ ਪੁਰਾਣੇ ਨੇਮ ਵਿਚ ਵਿਖਾਇਆ ਗਿਆ ਹੈ। ਆਖ਼ਰ ਉਨ੍ਹਾਂ ਦਾ ਖ਼ੁਦਾ ਤਾਂ ਆਪਣੇ ਆਲੇ

ਦੁਆਲੇ ਦੇ ਲੋਕਾਂ ਵਿਚ ਵਿਖਾਈ ਦੇਣ ਵਾਲੇ ਅਲੱਗ-ਅਲੱਗ ਦੇਵਤਿਆਂ ਦੇ ਮੁਕਾਬਲੇ ਵਿਚ ਅਦਿੱਖ ਅਤੇ ਸਖ਼ਤ ਸੀ।

ਇਸ ਲਈ ਇਹ ਦਾਆਵਾ ਕਰਨਾ ਗਲਤ ਹੈ ਕਿ ਆਪਣੇ ਖ਼ੁਦਾ ਨੂੰ ''ਪਿਤਾ'' ਕਹਿ ਕੇ ਇਸਰਾਏਲੀ ਕਿਸੇ ਨਾ ਕਿਸੇ ਤਰ੍ਹਾਂ ਸਮਿਆਂ ਦੀ ਗਤੀ ਨੂੰ ਵਿਖਾਉਂਦੇ ਸਨ। ਉਹ ਹੀ ਸੱਚਾ ਅਤੇ ਜੀਉਂਦਾ ਖ਼ੁਦਾ ਹੈ। ''ਹੇ ਇਸਰਾਏਲ, ਸੁਣ, ਯਹੋਵਾਹ ਸਾਡਾ ਖ਼ੁਦਾ ਹੈ ਯਹੋਵਾਹ ਇੱਕੋ ਹੈ'' (ਵਿਵਸਥਾਸਾਰ 6:4)। ਇਸਰਾਏਲੀਆਂ ਲਈ ਕੋਈ ਬਹੁਦੇਵਵਾਦ ਨਹੀਂ ਸੀ, ਨਾ ਹੀ ਕੋਈ ਦੇਵੀ ਮਾਂ ਸੀ। ਉਨ੍ਹਾਂ ਤੇ ਇਹ ਮਨਾਹੀਆਂ ਸ਼ਰ੍ਹਾ ਤੋਂ ਲਈਆਂ ਗਈਆਂ ਸਨ। ਹੋਰ ਕੌਮਾਂ ਦੀਆਂ ਧਾਰਮਿਕ ਸਭਾਵਾਂ ਵਿਚ ਨਰ ਅਤੇ ਮਾਦਾ ਦੇਵਤਿਆਂ ਦੀ ਮੰਗ ਕੀਤੀ ਜਾਂਦੀ ਸੀ ਪਰ ਇਸਰਾਏਲ ਦੇ ਪ੍ਰਗਟ ਧਰਮ ਵਿਚ ਨਹੀਂ। ਅਸਲ ਵਿਚ ਪੂਰੀ ਇਬਰਾਨੀ ਬਾਈਬਲ ਵਿਚ ''ਦੇਵੀ'' ਲਈ ਕੋਈ ਵੱਖਰਾ ਇਬਰਾਨੀ ਸ਼ਬਦ ਤਕ ਨਹੀਂ ਹੈ।[4] ਇਹ ਦਾਅਵਾ ਕਿ ''ਪੁਰਖਿਆਂ ਦੀ ਉਲਝਨ'' ਦੇ ਕਾਰਣ ਖ਼ੁਦਾ ਨੂੰ ''ਮਾਤਾ'' ਦੀ ਬਜਾਏ ''ਪਿਤਾ'' ਅਖਵਾਉਣਾ ਪਿਆ, ਬਾਈਬਲ ਦੇ ਅੰਦਰ ਤੇ ਬਾਹਰ ਦੋਵਾਂ ਕਿਸਮਾਂ ਦੇ ਸਬੂਤਾਂ ਦੀ ਭਰਮਾਰ ਤੋਂ ਦੂਰ ਹੈ। ਇਹ ਦਾਅਵਾ ਪਵਿੱਤਰ ਕਿਤਾਬ ਦੇ ਖ਼ੁਦਾ ਦਾ ਸੱਚਾ ਇਜ਼ਹਾਰ ਹੋਣ ਦੀ ਹਕੀਕਤ ਦਾ ਵੀ ਇਨਕਾਰ ਕਰਦਾ ਹੈ। ਜਦ ਲੋਕ ਇਸ ਅਧਾਰ ਤੇ ਪ੍ਰਭੂ ਦੀ ਪ੍ਰਾਰਥਨਾ ਖ਼ਤਮ ਕਰਨ ਦੀ ਵਕਾਲਤ ਕਰਦੇ ਹਨ ਕਿ ਇਹ ''ਸਾਡੇ ਪਿਤਾ'' ਨੂੰ ਸੰਬੋਧਿਤ ਹੈ ਤਾਂ ਇਹ ਸਾਡੇ ਸਮੇਂ ਦੀ ਇਕ ਦੁੱਖਦਾਈ ਵਿਆਖਿਆ ਹੈ, ਬਾਈਬਲ ਦੇ ਸਮੇਂ ਦੀ ਨਹੀਂ।

## ਇਕ ਵਿਸ਼ਵ-ਵਿਆਪੀ ਪਿਤਾ

ਅਸੀਂ ਪਹਿਲਾਂ ਹੀ ਅਨਾਦੀ ਤ੍ਰਿਏਕਤਾ ਵਿਚ ਮਨੁੱਖਾਂ ਨਾਲ ਸਬੰਧ ਬਾਰੇ ਪਿਤਾ ਦੇ ਰੂਪ ਵਿਚ ਖ਼ੁਦਾ ਦੀ ਗੱਲ ਕਰ ਚੁੱਕੇ ਹਾਂ। ਹੁਣ ਖ਼ੁਦਾ ਦੇ ਪਿਤਾ ਦੇ ਰੂਪ ਵਿਚ ਵਿਚਾਰ ਕਰਦਿਆਂ, ਅਸੀਂ ਖ਼ੁਦਾ ਦੇ ਆਪਣੇ ਲੋਕਾਂ ਨੂੰ ਵਿਆਪਕ ਇਤਿਹਾਸਕ ਮੁਕਾਸ਼ਫ਼ੇ ਅਰਥਾਤ ਬਾਈਬਲ ਤੇ ਧਿਆਨ ਦਿੰਦੇ ਹਾਂ। ਅਸੀਂ ਵੇਖਦੇ ਹਾਂ ਕਿ ਖ਼ੁਦਾ ਤਿੰਨ ਵੱਖਰੇ ਵੱਖਰੇ ਤਰੀਕਿਆਂ ਨਾਲ ਪਿਤਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਹ ਤਿੰਨੋ ਹੀ ਬੇਹੱਦ ਅਹਿਮੀਅਤ ਵਾਲੇ ਹਨ।

ਪਹਿਲੇ ਢੰਗ ਨਾਲ ਅਸੀਂ ਵੇਖਦੇ ਹਾਂ ਕਿ *ਆਪਣੀ ਰਚਨਾ ਨਾਲ ਖ਼ੁਦਾ ਸੰਸਾਰ ਵਿਆਪੀ ਪਿਤਾ ਹੈ*। ਅਸੀਂ ਵੇਖ ਚੁੱਕੇ ਹਾਂ ਕਿ ਤ੍ਰਿਏਕਤਾ ਦੇ ਇਨ੍ਹਾਂ ਤਿੰਨਾਂ ਸ਼ਖ਼ਸਾਂ ਦਾ ਯੋਗਦਾਨ ਸਿਰਜਣਾ ਦੀ ਰਚਨਾ ਵਿਚ ਹੈ, ਇਸ ਲਈ ਹੁਣ ਕਬੂਲ ਕਰਨ ਨਾਲ ਸਾਨੂੰ ਯਾਦ ਕਰਾਇਆ ਜਾਂਦਾ ਹੈ ਰਚਨਾ ਵਿਚ ਪਿਤਾ ਦੀ ਭੂਮਿਕਾ ਤੇ ਜ਼ੋਰ ਦਿੱਤਾ ਗਿਆ ਹੈ। (ਇਸੇ ਤਰ੍ਹਾਂ ਇਹ ਤਿੰਨੇ ਵਿਅਕਤੀ ਛੁਟਕਾਰੇ ਦੇ ਮੁਕੰਮਲ ਕੰਮ ਵਿਚ ਲੱਗੇ ਹੋਏ ਹਨ ਪਰ ਛੁਟਕਾਰਾ ਦਿਵਾਉਣ ਵਾਲੇ ਦੀ ਭੂਮਿਕਾ ਦੇ ਉਹਦੇ ਆਪਣੇ ਕਬੂਲਣ ਵਿਚ ਅਸੀਂ ਖ਼ੁਦਾ ਬੇਟੇ ਨੂੰ ਛੁਟਕਾਰੇ ਦਾ ਮੁੱਲ ਚੁਕਾਉਂਦੇ ਹੋਏ ਵੇਖਦੇ ਹਾਂ।) ਸਿਰਜਣਾ ਤੋਂ ਖ਼ੁਦਾ ਪਿਤਾ ਵਾਲਾ ਸਬੰਧ ਉਸਦੀ ਰਚਨਾਤਮਕ ਕੰਮ ਤੋਂ ਬਣਦਾ ਹੈ। ਸਿਰਜਣਾ ਦੇ ਸਰਤਾਜ ਦੇ ਰੂਪ ਵਿਚ ਮਨੁੱਖ ਕੌਮ ਨੂੰ ਵੇਖਿਆ ਜਾਂਦਾ ਹੈ ਯਾਨੀ ਉਸ ਨੂੰ ਰਚਨਾ ਵਿਚ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ, ਕਿਉਂਕਿ ਮਨੁੱਖ ਕੌਮ ਵਿਚ ਹੀ ਖ਼ੁਦਾ ਦੀ ਸੂਰਤ ਅਤੇ ਉਸ ਸਰੂਪ ਪਾਇਆ ਗਿਆ (ਉਤਪਤ 1:26, 27)।

ਖ਼ੁਦਾ ਦੇ ਸਿਰਜਣਹਾਰੀ ਕੰਮਾਂ ਵਿਚ ਵਿਖਾਈ ਗਈ ਸਮਰੱਥਾ ਤੋਂ ਆਪਣੀ ਸਾਰੀ ਕਾਇਨਾਤ ਤੇ ਉਹਦੀ ਪ੍ਰਭੁਤਾ ਤੇ ਯਕੀਨ ਹੁੰਦਾ ਹੈ। ਬਾਈਬਲ ਦੀਆਂ ਬਹੁਤ ਸਾਰੀਆਂ ਆਇਤਾਂ ਸਿਰਜਣਹਾਰ ਅਰਥਾਤ ਪਿਤਾ ਅਤੇ ਉਹਦੀ ਸਮਰੱਥਾ ਅਰਥਾਤ ਪ੍ਰਭੂ ਦੇ ਇਸ ਮੇਲ ਦੀ ਝਲਕ ਦੇਂਦੀਆਂ ਹਨ। ਉਹ ਖ਼ੁਦਾ ਦੇ ਵਿਸ਼ਵਵਿਆਪੀ ਪਿਤਾ ਹੋਣ ਤੇ ਉਹਦੀ ਰਚਨਾ ਵਿਚ ਨੇੜੇ ਦੇ ਸਬੰਧ ਹੋਣ ਦਾ ਦਾਅਵਾ ਕਰਦੀਆਂ ਹਨ:

ਜਿਵੇਂ ਪਿਤਾ ਆਪਣੇ ਬੱਚਿਆਂ ਤੇ ਤਰਸ ਖਾਂਦਾ ਹੈ, ਤਿਵੇਂ ਯਹੋਵਾਹ ਆਪਣੇ ਡਰਨ ਵਾਲਿਆਂ ਤੇ ਤਰਸ ਖਾਂਦਾ ਹੈ। ਉਹ ਤਾਂ ਸਾਡੀ ਸਰਿਸ਼ਟੀ ਨੂੰ ਜਾਣਦਾ ਹੈ, ਉਹਨੂੰ ਚੇਤਾ ਹੈ ਭਈ ਅਸੀਂ ਮਿੱਟੀ ਹੀ ਹਾਂ।

... ਯਹੋਵਾਹ ਨੇ ਆਪਣੀ ਰਾਜ ਗੱਦੀ ਸੁਰਗ ਵਿਚ ਕਾਇਮ ਕੀਤੀ ਹੈ, ਅਤੇ ਉਹਦੀ ਬਾਦਸ਼ਾਹੀ ਦਾ ਹੁਕਮ ਸਭਨਾਂ ਉੱਤੇ ਹੈ (ਜ਼ਬੂਰ 103:13, 14, 19)।

ਆਪਣੀ ਰਚਨਾ ਤੇ ਰਾਜ ਕਰਦੇ ਹੋਏ ਮਨੁੱਖ ਵੱਲ ਆਪਣੀ ਦਿਆਲਤਾ ਵਿਚ ਖ਼ੁਦਾ ਬਾਪ ਹੈ। ਪੌਲੁਸ ਨੇ ਅਥੇਨੇ ਵਿਚ ਅਰਿਯੁਪਗੁਸ ਦੀ ਸਭਾ ਵਿਚ ਮੂਰਤੀਪੂਜਕ ਦਾਰਸ਼ਨਿਕਾਂ ਨੂੰ ਸੰਬੋਧਿਤ ਕਰਦਿਆਂ ਖ਼ੁਦਾ ਨੂੰ ਵਿਸ਼ਵ ਵਿਆਪੀ ਪਿਤਾ ਦੇ ਰੂਪ ਵਿਚ ਵਿਖਾਇਆ ਸੀ। ਉਹਨੇ ਉਨ੍ਹਾਂ ਦੇ ਹੀ ਇਕ ਕਵੀ ਦਾ ਹਵਾਲਾ ਦਿੱਤਾ ਸੀ ਜਿਸ ਨੇ ਖ਼ੁਦਾ ਬਾਰੇ ਆਖਿਆ ਸੀ, ''ਅਸੀਂ ਓਸੇ ਵਿਚ ਜੀਉਂਦੇ ਹਾਂ ਅਤੇ ਚੱਲਦੇ ਫਿਰਦੇ ਅਤੇ ਸਥਿਰ ਰਹਿੰਦੇ ਹਾਂ'' (ਵੇਖੋ ਰਸੂਲਾਂ ਦੇ ਕੰਮ 17:24-29, ਖਾਸ ਕਰ 28)। ਜੇ ਅਸੀਂ ਖ਼ੁਦਾ ਦੀ ਸੰਤਾਨ ਹਾਂ, ਤਾਂ ਉਹ ਸਾਡਾ ਪਿਤਾ ਹੈ। ਇਹ ਗੱਲ ਹਰ ਮਨੁੱਖ ਤੇ ਲਾਗੂ ਹੁੰਦੀ ਹੈ। ਇਸ ਤਰ੍ਹਾਂ ਰਚਨਾ ਦੇ ਰਾਹੀਂ ਖ਼ੁਦਾ ਸਭ ਦਾ ਵਿਸ਼ਵ ਵਿਆਪੀ ਪਿਤਾ ਹੈ।

ਆਦਮ ਦੀ ਰਚਨਾ ਬਾਰੇ ਪੜ੍ਹਨਾ ਦਿਲਚਸਪ ਹੈ। ''ਜਿਸ ਦਿਨ ਪਰਮੇਸ਼ੁਰ ਨੇ ਆਦਮ ਨੂੰ ਉਤਪਤ ਕੀਤਾ। ਉਸ ਨੇ ਪਰਮੇਸ਼ੁਰ ਵਰਗਾ ਉਸ ਨੂੰ ਬਣਾਇਆ। ਨਰ ਨਾਰੀ ਉਨ੍ਹਾਂ ਨੂੰ ਉਤਪਤ ਕੀਤਾ ਤੇ ਉਨ੍ਹਾਂ ਨੂੰ ਬਰਕਤ ਦਿੱਤੀ ਅਤੇ ਜਿਸ ਦਿਨ ਉਨ੍ਹਾਂ ਨੂੰ ਉਤਪਤ ਕੀਤਾ ਉਨ੍ਹਾਂ ਦਾ ਨਾਂਅ ਆਦਮ ਰੱਖਿਆ'' (ਉਤਪਤ 5:1, 2)। ਪਰ ਨਵੇਂ ਨੇਮ ਵਿਚ ਇਸ ਰਚਨਾ ਦਾ ਬਿਆਨ ਕਰਨ ਲਈ ਵਰਤੀ ਗਈ ਬੋਲੀ ਯਿਸੂ ਦੀ (ਉਲਟੀ) ਵੰਸ਼ਾਵਲੀ ਦੇ ਆਖ਼ਰੀ ਵਾਕ ''ਅਤੇ ਉਹ ਆਦਮ ਦਾ ਅਤੇ ਉਹ ਖ਼ੁਦਾ ਦਾ (ਪੁੱਤਰ)'' ਦੇ ਰੂਪ ਵਿਚ ਕੀਤੀ ਗਈ ਹੈ (ਲੂਕਾ 3:38)। ਆਦਮ ਦੀ ਰਚਨਾ ਵਿਚ ਖ਼ੁਦਾ ''ਪਿਤਾ ਦੀ'' ਭੂਮਿਕਾ ਵਿਚ ਮਿਲਦਾ ਹੈ। ਪਹਿਲੇ ਆਦਮ ਦਾ ਪਿਤਾ ਹੋਣ ਕਾਰਣ ਉਹ ਸਾਰੀ ਮਨੁੱਖ ਜਾਤੀ ਦਾ ਪਿਤਾ ਹੈ।

## ਇਕ ਚੋਣ ਕਰਨ ਵਾਲਾ ਪਿਤਾ

*ਆਪਣੇ ਵਾਅਦੇ ਰਾਹੀਂ ਖ਼ੁਦਾ ਚੋਣ ਕਰਨ ਵਾਲਾ ਪਿਤਾ ਵੀ ਹੈ।* ਮਲਾਕੀ ਦੀ ਕਿਤਾਬ ਦੀ ਇਕ ਆਇਤ ਖ਼ੁਦਾ ਨੂੰ ਸਿਰਜਣਾ ਰਾਹੀਂ ਖ਼ੁਦਾ ਦੇ ਰੂਪ ਵਿਚ, ਸੰਸਾਰ ਵਿਆਪੀ ਪਿਤਾ ਦੇ ਰੂਪ ਵਿਚ ਨੇਮ ਰਾਹੀਂ ਚੋਣ ਕਰਨ ਵਾਲਾਪਿਤਾ ਦੇ ਰੂਪ ਵਿਚ ਬਦਲਨ ਨੂੰ ਵਿਖਾਉਂਦਾ ਹੈ। ਖ਼ੁਦਾ ਨੇ ਕਿਹਾ ਸੀ ਕਿ ਉਹਦੇ ਲੋਕਾਂ ਨਾਲ ਉਹਦਾ ਨੇਮ ''ਜੀਵਨ ਅਤੇ ਸ਼ਾਂਤੀ'' ਦਾ ਨੇਮ ਸੀ। ਉਸ ਨੇ ਇਹ ਵੀ ਕਿਹਾ ਸੀ, ''... ਤੁਸੀਂ ਮੇਰੇ ਮਾਰਗਾਂ ਤੇ ਨਹੀਂ ਚਲਦੇ।'' ਫਿਰ ਮਲਾਕੀ ਨੇ ਸਭ ਦੇ ਮੰਨਣ ਯੋਗ ਸੱਚ ਦੇ ਆਧਾਰ ਤੇ ਯਹੂਦੀਆਂ ਅੱਗ ਇਕ ਬੇਨਤੀ ਕੀਤੀ ਸੀ। ''ਕੀ ਸਾਡਾ ਸਾਰਿਆਂ ਦਾ ਇਕ ਹੀ ਪਿਤਾ ਨਹੀਂ ਹੈ? ਕੀ ਇਕ ਹੀ ਖ਼ੁਦਾ ਨੇ ਸਾਨੂੰ ਸਾਰਿਆਂ ਨੂੰ ਪੈਦਾ ਨਹੀਂ ਕੀਤਾ? ਅਸੀਂ ਕਿਉਂ ਇਕ ਦੂਜੇ ਨਾਲ ਧੋਖਾ ਕਰਕੇ ਆਪਣੇ ਬਜ਼ੁਰਗਾਂ ਦੇ ਨੇਮ ਨੂੰ ਤੋੜ ਦਿੰਦੇ ਹਾਂ?''[5] (ਮਲਾਕੀ 2:3-10)। ਮਲਾਕੀ ਲੋਕਾਂ ਨਾਲ ਦੋ ਸ਼ਾਨਦਾਰ ਸਿਧਾਂਤਾਂ ਦੇ ਅਧਾਰ ਤੇ ਬਹਿਸ ਕਰ ਰਿਹਾ ਸੀ: ਖ਼ੁਦਾ ਪਿਤਾ ਹੈ ਕਿਉਂਕਿ ਉਹ ਸਿਰਜਣਹਾਰ ਹੈ, ਖ਼ੁਦਾ ਇਸਰਾਏਲ ਦਾ ਪਿਤਾ ਹੈ ਕਿਉਂਕਿ ਉਨ੍ਹਾਂ ਨਾਲ ਉਸ ਨੇਮ ਬੰਨ੍ਹਿਆ ਹੈ।

ਵਾਅਦਾ ਵਿਚ ਚੁਨਾਵਕਾਰੀ ਪਿਤਾ ਦੇ ਰੂਪ ਵਿਚ ਖ਼ੁਦਾ ਪੁਰਾਣੇ ਨੇਮ ਦਾ ਮੁੱਖ ਵਿਸ਼ਾ ਹੈ। ਸਾਨੂੰ ਇਸ ਵਿਚ ਬਹੁਤ ਹੀ ਅਹਿਮ ਬਦਲਾਅ ਨਜ਼ਰ ਆਉਂਦਾ ਹੈ। ਸੰਸਾਰ ਦੀ ਰਚਨਾ ਦੇ ਰਾਹੀਂ ਸੰਸਾਰ-ਵਿਆਪੀ ਪਿਤਾ ਦੇ ਰੂਪ ਵਿਚ ਪਾਪ ਦੇ ਕਾਰਣ ਖ਼ੁਦਾ ਤੋਂ ਵੱਖ ਹੋਣ ਤਕ ਮਨੁੱਖ ਦੇ ਆਪਣੇ ਨਾਲ ਪੂਰੀ ਸੰਗਤ ਲਈ ਮੁਕੰਮਲ ਅਧਾਰ ਸੀ। ਪਾਪ ਨਾ ਕਰਨ ਤਕ, ਆਦਮ, ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ

''ਖ਼ੁਦਾ ਦਾ ਪੁੱਤਰ'' ਸੀ। ਜਦ ਮਨੁੱਖ ਨੇ ਪਾਪ ਕੀਤਾ ਤਾਂ ਉਹ ਖ਼ੁਦਾ ਤੋਂ ਦੂਰ ਹੋ ਗਿਆ ਸੀ। ਤਦ ਤੋਂ ਲੈ ਕੇ ਪੂਰੇ ਇਤਿਹਾਸ ਵਿਚ ਰਚਨਾ ਦੇ ਰਾਹੀਂ, ਸੰਸਾਰ ਵਿਆਪੀ ਪਿਤਾ ਦੇ ਰੂਪ ਵਿਚ ਖ਼ੁਦਾ ਨਾਲ ਪੂਰੀ ਸੰਗਤ ਲਈ ਖ਼ੁਦਾ ਲੋੜ ਅਨੁਸਾਰ ਅਧਾਰ ਨਹੀਂ ਸੀ।

ਖ਼ੁਦਾ ਵੱਲੋਂ ਪਹਿਲ ਤੇ, ਅਬਰਾਹਾਮ ਨੂੰ, ਉਹਦੀ ਸੇਵਾ ਲਈ ਸੱਦਿਆ ਗਿਆ ਅਤੇ ਖ਼ੁਦਾ ਦੇ ਵਾਅਦਿਆਂ (ਉਤਪਤ 12:1-3) ਅਤੇ ਨੇਮ (ਉਤਪਤ 17:1, 2) ਦੇ ਰਾਹੀਂ ਹੌਸਲਾ ਦਿੱਤਾ ਗਿਆ ਸੀ। ਉਹਦੇ ਪੁੱਤਰ ਇਸਹਾਕ ਅਤੇ ਪੋਤੇ ਯਕੂਬ ਨਾਲ ਵੀ ਇਹੀ ਵਾਅਦੇ ਦੋਹਰਾਏ ਗਏ ਸਨ (ਉਤਪਤ 26:2-5; 35:9-12)। ਭਲਾ ਖ਼ੁਦਾ ਦੇ ਇਹ ਕੰਮ ਖ਼ੁਦਾ ਬਾਪ ਦੇ ਕੰਮ ਸੀ? ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਹੈ। ਆਪਣੇ ਲੋਕਾਂ ਨੂੰ ਸ਼ਰ੍ਹਾ ਦੇਣ ਤੋਂ ਵੀ ਪਹਿਲਾਂ, ਸੀਨੈ ਪਹਾੜ ਤੋਂ ਹੀ, ਖ਼ੁਦਾ ਨੇ ਇਸਰਾਏਲ ਨੂੰ ਆਪਣਾ ਪਲੌਠਾ ਪੁੱਤਰ ਮੰਨਿਆ ਸੀ (ਕੂਚ 4:22)। ਖ਼ੁਦਾ ਵੱਲੋਂ ਸੱਦੇ ਗਏ ਲੋਕ ਇਹ ਜਾਣਦੇ ਸੀ ਕਿ ਨੇਮ ਵਿਚ ਉਨ੍ਹਾਂ ਦੀ ਵਫ਼ਾਦਾਰੀ ਦੇ ਅਧਾਰ ਤੇ ਹੀ ਉਨ੍ਹਾਂ ਨੂੰ ਦੂਸਰੇ ਲੋਕਾਂ ਵਿੱਚੋਂ ਚੁਣਿਆ ਗਿਆ ਸੀ (ਕੂਚ 19:3-6)।

ਸਮਾਂ ਬੀਤਣ ਤੇ ਲੋਕ ਕਨਾਨ ਵਿਚ ਦਾਖਲ ਹੋ ਗਏ ਸਨ। ਨਿਆਂਈ ਉਨ੍ਹਾਂ ਦੇ ਆਗੂ ਸੀ। ਅਖ਼ੀਰ, ਰਾਜਿਆਂ ਦਾ ਪ੍ਰਬੰਧ ਠਹਿਰਾਇਆ ਗਿਆ। ਦਾਊਦ ਅਤੇ ਸੁਲੇਮਾਨ ਦੇ ਰਾਜ ਦੀ ਸ਼ਾਨ, ਠਾਠ-ਬਾਠ ਅਤੇ ਸ਼ਕਤੀ ਵਿਚ, ਖ਼ੁਦਾ ਨੇ ਉਨ੍ਹਾਂ ਨੂੰ ਚੇਤੇ ਕਰਾਇਆ ਕਿ ਉਹ ਉਨ੍ਹਾਂ ਦਾ ਪਿਤਾ ਸੀ। ਖ਼ੁਦਾ ਨੇ ਦਾਊਦ ਨੂੰ ਉਹਦੇ ਪੁੱਤਰ ਸੁਲੇਮਾਨ ਬਾਰੇ ਆਖਿਆ, ''ਮੈਂ ਉਹਦਾ ਪਿਤਾ ਹੋਵਾਂਗਾ ਅਤੇ ਉਹ ਮੇਰਾ ਪੁੱਤਰ ਹੋਵੇਗਾ ...'' (2 ਸਮੂਏਲ 7:12-14; ਵੇਖੋ 1 ਇਤਿਹਾਸ 28:4-7)। ਜ਼ਬੂਰ ਲਿਖਣ ਵਾਲੇ ਨੇ ਦਾਊਦ ਦੇ ਰਾਜ, ਨੇਮ, ਅਤੇ ਦਾਊਦ ਦੇ ਖ਼ੁਦਾ ਨੂੰ ਪਿਤਾ ਦੇ ਰੂਪ ਵਿਚ ਮੰਨਣ ਦੇ ਉਨ੍ਹਾਂ ਸ਼ਾਨ-ਓ-ਸ਼ੌਕਤ ਦੇ ਸਮਿਆਂ ਬਾਰੇ ਖ਼ੁਦਾ ਦੀ ਉਸਤਤ ਦੇ ਗੀਤ ਗਾਏ। ਉਸ ਨੇ ਲਿਖਿਆ ਕਿ ਖ਼ੁਦਾ ਨੇ ਦਾਊਦ ਨਾਲ ਆਪਣੇ ਸੰਬੰਧ ਬਾਰੇ ਕੀ ਆਖਿਆ ਸੀ: ''ਉਹ ਮੈਨੂੰ ਪੁਕਾਰ ਕੇ ਆਖੇਗਾ, ਤੂੰ ਮੇਰਾ ਪਿਤਾ, ਮੇਰਾ ਖ਼ੁਦਾ ਅਤੇ ਮੇਰੀ ਮੁਕਤੀ ਦੀ ਚੱਟਾਨ ਹੈਂ। ਮੈਂ ਵੀ ਉਹ ਨੂੰ ਆਪਣਾ ਜੇਠਾ ... ਬਣਾਵਾਂਗਾ'' (ਜ਼ਬੂਰ 89:24-29)।

ਬਹੁਤ ਸਾਰੇ ਨਬੀਆਂ ਨੇ ਖ਼ੁਦਾ ਨਾਲ ਉਹਦੇ ਚਲੇ ਹੋਏ ਲੋਕਾਂ ਦੇ ਸਬੰਧ ਨੂੰ ਪਿਤਾ ਔਲਾਦ ਦਾ ਸਬੰਧ ਦੱਸਿਆ ਸੀ। ਆਮ ਤੌਰ ਤੇ ਇਹ ਝਿੜਕਣ ਲਈ ਵੀ ਹੁੰਦਾ ਸੀ। ਜਦੋਂ ਲੋਕ ਖ਼ੁਦਾ ਯਾਨੀ ਆਪਣੇ ਪਿਤਾ ਨਾਲ ਵਫ਼ਾਦਾਰ ਨਹੀਂ ਹੁੰਦੇ ਸੀ। ਇਕ ਵਾਰ, ਜਦ ਉਹ ਸ਼ਿਕਾਇਤ ਕਰ ਰਹੇ ਸਨ ਅਤੇ ਫ਼ਾਰਸੀ ਰਾਜਾ ਕੁਪਰੁਸ ਦਾ ਵਰਤੋਂ ਕਰਕੇ ਉਨ੍ਹਾਂ ਨੂੰ ਕੱਢ ਲਿਆਉਣ ਦੇ ਖ਼ੁਦਾ ਦੇ ਤਰੀਕੇ ਤੇ ਸ਼ੱਕ ਕਰ ਰਹੇ ਸਨ, ਤਾਂ ਯਸਾਯਾਹ ਵੱਲੋਂ ਉਸਦਾ ਤਿੱਖਾ ਜਵਾਬ ਸੀ, ''ਹਾਇ ਉਹਦੇ ਉੱਤੇ ਜੋ ਕਿਸੇ ਪਿਉ ਨੂੰ ਆਖਦਾ ਹੈ, ਤੂੰ ਕਾਸ ਨੂੰ ਜਨਮ ਦਿੰਦਾ ਹੈਂ? ਯਾ ਕਿਸੇ ਤੀਵੀਂ ਨੂੰ, ਤੈਨੂੰ ਕਾਹਦੀਆਂ ਪੀੜਾਂ ਲੱਗੀਆਂ ਹਨ?'' (ਯਸਾਯਾਹ 45:9-11)। (ਦਿਲਚਸਪ ਗੱਲ ਇਹ ਹੈ ਅਜਿਹੇ ਹੀ ਸਬੱਬੋਂ ਰੋਮੀਆਂ 7:14-24 ਵਿਚ ਪੌਲੁਸ ਨੇ ਇਸ ਆਇਤ ਦੀ ਵਰਤੋਂ ਕੀਤੀ ਸੀ।)

ਇਹ ਆਇਤਾਂ ਦੱਸਦੀਆਂ ਹਨ ਕਿ ਚੋਣ ਕਰਨ ਵਾਲੇ ਪਿਤਾ ਦੇ ਰੂਪ ਵਿਚ ਆਪਣੇ ਲੋਕਾਂ ਦੇ ਸਬੰਧ ਵਿਚ ਉਨ੍ਹਾਂ ਦਾ ਪ੍ਰਭੂ ਹੋਣਾ ਅਤੇ ਉਨ੍ਹਾਂ ਦਾ ਉਹਦੇ ਸੇਵਕ ਹੋਣਾ ਸ਼ਾਮਿਲ ਹੈ। ਆਪਣੇ ਲੋਕਾਂ ਨੂੰ ਮੂਰਤੀ ਪੂਜਕ ਹੁੰਦੇ ਵੇਖਣਾ ਖ਼ੁਦਾ ਨੂੰ ਚੰਗਾ ਨਹੀਂ ਲਗਦਾ ਸੀ। ''ਤੂੰ ਮੇਰਾ ਪਿਤਾ ਹੈਂ'' ਅਤੇ ਪੱਥਰ ਨੂੰ ''ਤੂੰ ਮੈਨੂੰ ਜਨਮ ਦਿੱਤਾ ਹੈ'' ਆਖਣਾ ਸ਼ਰਮ ਦੀ ਗੱਲ ਸੀ (ਯਿਰਮਿਯਾਹ 2:26-28)। ਉਹਦੀ ਮਰਜ਼ੀ ਦੇ ਵਿਰੋਧ ਵਿਚ ਉਨ੍ਹਾਂ ਦੀ ਬਗ਼ਾਵਤ ਅਵਿਸ਼ਵਾਸ ਨੂੰ ਪਿਤਾ ਦੇ ਰੂਪ ਵਿਚ ਸੈਨਾਂ ਦੇ ਪ੍ਰਭੂ ਦਾ ਅਨਾਦਰ ਮੰਨਿਆ ਗਿਆ, ਜਿਸ ਵਿਚ ਪ੍ਰਭੂ ਦੇ ਰੂਪ ਵਿਚ ਉਹਦਾ ਕੋਈ ਡਰ ਨਹੀਂ ਮੰਨਿਆ ਜਾਂਦਾ (ਮਲਾਕੀ 1:6)।

ਕੁੱਲ ਮਿਲਾ ਕੇ, ਨਬੀ ਇਹ ਪ੍ਰਚਾਰ ਕਰਦੇ ਰਹੇ ਕਿ ਸਿਰਫ਼ ਖ਼ੁਦਾ ਹੀ ਉਨ੍ਹਾਂ ਦੇ ਪੂਰਵਜਾਂ ਅਬਰਾਹਾਮ, ਇਸਹਾਕ ਅਤੇ ਯਾਕੂਬ ਦਾ ਖ਼ੁਦਾ ਸੀ। ਉਹ ਆਪਣੇ ਚੁਣੇ ਹੋਏ ਲੋਕਾਂ ਦਾ ਪਿਤਾ ਹੈ, ਸਿਰਫ਼ ਉਹੀ ਇੱਕੋ ਜ਼ਿੰਦਾ ਖ਼ੁਦਾ ਹੈ ਜਿਸ 'ਤੇ ਉਹ ਭਰੋਸਾ ਰੱਖ ਸਕਦੇ ਹਨ। ''ਤੂੰ ਤਾਂ ਸਾਡਾ ਪਿਤਾ ਹੈਂ, ਭਾਵੇਂ ਅਬਰਾਹਾਮ ਸਾਨੂੰ ਨਹੀਂ ਜਾਣਦਾ, ਅਤੇ ਇਸਰਾਏਲ ਸਾਨੂੰ ਨਹੀਂ ਸਿਆਣਦਾ, ਪਰ ਤੂੰ ਯਹੋਵਾਹ ਸਾਡਾ ਪਿਤਾ ਹੈਂ, ਸਾਡਾ ਛੁਡਾਉਣ ਵਾਲਾ, ਤੇਰਾ ਨੇਮ ਸਦੀਪਕ ਕਾਲ ਤੋਂ ਹੈਂ'' (ਯਸਾਯਾਹ 63:16)। ਉਨ੍ਹਾਂ ਇਹ ਵੀ ਮੰਨਿਆ, ''ਪਰ ਹੁਣ ਹੇ ਯਹੋਵਾਹ, ਤੂੰ ਸਾਡਾ ਪਿਤਾ ਹੈਂ, ਅਸੀਂ ਮਿੱਟੀ ਹਾਂ ਤੂੰ ਘੁਮਿਆਰ ਹੈਂ, ਅਸੀਂ ਤੇਰੀ ਦਸਤਕਾਰੀ ਹਾਂ'' (ਯਸਾਯਾਹ 64:8)।

ਅਕਾਲ, ਮੌਤ, ਸਜ਼ਾ, ਬਗ਼ਾਵਤ, ਗੁਲਾਮੀ, ਮੂਰਤੀਪੂਜਾ, ਯੁੱਧ ਆਦਿ ਦੇ ਬਾਵਜੂਦ, ਜੋ ਇਸਰਾਏਲ ਦੇ ਇਤਿਹਾਸ ਦੀ ਯਾਦਗਾਰੀ ਘਟਨਾ ਸੀ, ਖ਼ੁਦਾ ਨੇ ਜੋ ਚੁਣਨ ਵਾਲਾ ਪਿਤਾ ਹੈ ਹਮੇਸ਼ਾ ਆਪਣੇ ਆਪ ਨੂੰ ਉਨ੍ਹਾਂ ਦੇ ਪਿਤਾ ਦੇ ਰੂਪ ਵਿਚ ਮੰਨਿਆ (ਯਿਰਮਿਯਾਹ 31:9)। ਉਹ ਆਪਣੇ ਵਾਅਦੇ/ਨੇਮ ਤੇ ਕਾਇਮ ਰਿਹਾ ਅਤੇ ਆਪਣੇ ਪਿਆਰੇ ਬੱਚਿਆਂ ਨੂੰ ਮਾਫ਼ ਕਰਦਾ ਰਿਹਾ/ਪੁਰਾਣੇ ਨੇਮ ਦੀਆਂ ਦਿਲ ਖਿੱਚਵੀਆਂ ਆਇਤਾਂ ਵਿੱਚੋਂ ਇਕ ਆਪਣੇ ਭਟਕੇ ਹੋਏ ਬੱਚਿਆਂ ਲਈ ਬਦਲੇ ਵਿਚ ਖ਼ੁਦਾ ਦੇ ਪ੍ਰੇਮ ਦੇਣ ਦਾ ਬਿਆਨ ਕਰਦਾ ਹੈ:

> ਜਦੋਂ ਇਸਰਾਏਲ ਬਾਲਕ ਹੀ ਸੀ, ਤਦ ਮੈਂ ਉਸ ਨਾਲ ਪਿਆਰ ਕੀਤਾ, ਅਤੇ ਆਪਣੇ ਪੁੱਤਰ ਨੂੰ ਮਿਸਰ ਤੋਂ ਬੁਲਾਇਆ ਪਰ ਜਿੰਨਾ ਉਹ ਉਨ੍ਹਾਂ ਨੂੰ ਬੁਲਾਉਂਦੇ ਸਨ, ਓਨਾ ਹੀ ਉਹ ਭੱਜ ਜਾਂਦੇ ਸਨ, ਉਹ ਬਾਅਲ ਦੇਵਤਾ ਲਈ ਬਲੀਦਾਨ ਕਰਦੇ, ਅਤੇ ਚਮਤਕਾਰ ਵਾਲੀਆਂ ਮੂਰਤਾਂ ਲਈ ਧੂਫ਼ ਧੁਖਾਉਂਦੇ ਸੀ। ਮੈਂ ਹੀ ਅਪ੍ਰੈਮ ਨੂੰ ਪੈਰ ਪੈਰ ਚਲਾਉਂਦਾ ਸੀ, ਅਤੇ ਉਸ ਨੂੰ ਕੁੱਛੜ ਚੁੱਕ ਕੇ ਲਈ ਫਿਰਦਾ ਸੀ, ਪਰ ਉਹ ਨਹੀਂ ਜਾਣਦੇ ਸੀ ਕਿ ਉਨ੍ਹਾਂ ਦਾ ਚੰਗਾ ਕਰਨ ਵਾਲਾ ਮੈਂ ਹੀ ਹਾਂ। ਮੈਂ ਉਨ੍ਹਾਂ ਨੂੰ ਮਨੁੱਖ ਜਾਣ ਕੇ ਪ੍ਰੇਮ ਦੀ ਰੱਸੀ ਨਾਲ ਖਿੱਚਦਾ ਸੀ, ਅਤੇ ਜਿਵੇਂ ਕੋਈ ਬੈਲ ਦੇ ਗਲ਼ੇ ਦੀ ਜੋਤ ਖੋਲ੍ਹ ਕੇ ਉਸਦੇ ਸਾਮ੍ਹਣੇ ਚਾਰਾ ਰੱਖ ਦਵੇ ਉਦਾਂ ਹੀ ਮੈਂ ਉਨ੍ਹਾਂ ਨਾਲ ਕੀਤਾ (ਹੋਸ਼ੇਆ 11:1-4)।

---

ਟਿੱਪਣੀਆਂ

[1]ਵਿੱਲ ਡੁਰੈਂਟ, *ਅਵਰ ਓਰਿਐਂਟਲ ਹੈਰੀਟੇਜ* (ਨਿਯੂ ਯਾਰਕ: ਸਾਈਮਨ ਐਂਡ ਸ਼ੁਸਤਰ, 1954), 60 ਤੋਂ; ਐਡਿਥ ਹੈਮਿਲਟਨ, ਮਾਈਥੌਲੋਜੀ (ਨਿਯੂ ਯਾਰਕ: ਨਿਯੂ ਅਮੈਰੀਕਨ ਲਾਈਬ੍ਰੇਰੀ ਆਫ਼ ਵਰਲਡ ਲਿਟਰੇਚਰ [ਮੈਂਟਰ ਬੁਕਸ], 1959), 24-28. [2]ਕੂਚ 20:1-6; ਵਿਵਸਥਾਸਾਰ 23:17; ਨਿਆਈਆਂ 10:6-10; 1 ਰਾਜਿਆਂ 11:4, 5, 33; 2 ਰਾਜਿਆਂ 21:3; 23:13. ਅਸ਼ਤਾਰੋਥ ਨੂੰ ਆਮ ਤੌਰ ਤੇ ਬਆਲਾਂ ਦੀਆਂ ਮਾਦਾ ਸਾਥੀ ਮੰਨਿਆ ਜਾਂਦਾ ਸੀ। [3]ਭਾਵ ''ਪਿਤਾ'' ਦੇ ਰੂਪ ਵਿਚ ਖ਼ੁਦਾ ਦੇ ਹਵਾਲੇ ਦਾ ਕੱਟਰਵਾਦੀ ਵਿਚਾਰ ਵਿਚ ਕੋਈ ਅਧਾਰ ਨਹੀਂ ਸੀ ਕਿ ਮਾਦਾਵਾਂ ਨਾਲੋਂ ਨਰ ਤਾਕਤਵਰ ਹਨ। [4]ਅੰਗ੍ਰੇਜ਼ੀ ਅਨੁਵਾਦਾਂ ਵਿਚ 1 ਰਾਜਿਆਂ 11:5, 33 ਵਿਚ ''ਦੇਵੀ'' ਸ਼ਬਦ ਹੈ, ਪਰ ਇਹ ਸੰਦਰਭ ਤੋਂ ਪਤਾ ਲਗਦਾ ਹੈ ਕਿਉਂਕਿ ਅਸ਼ਤਾਰੋਥ ਸੀਦੋਨੀਆਂ ਦੀ ਦੇਵੀ ਸੀ। ਇਬਰਾਨੀ ਵਿਚ ਇੱਥੇ *elohe* ਹੈ ਜਿਸਦਾ ਅਰਥ ਇਬਰਾਨੀਆਂ ਦੇ ਖ਼ੁਦਾ ਦੀ ਗੱਲ ਕਰਨ ਵਾਂਗ *ਅਸ਼ਤਾਰੋਥ* ਦੀ ਪਛਾਣ ਕਰਾਉਂਦਿਆਂ ''ਦਾ ਦੇਵਤਾ ਜਾਂ ਦੇ ਦੇਵਤੇ,'' ਉਦਾਹਰਣ ਲਈ, ਉਤਪਤ 26:24. [5]ਹੋਰ ਟਿੱਪਣਆਂ ਲਈ, *ਦਿ ਇੰਟਰਪਰੇਟਰ'ਜ਼ ਬਾਈਬਲ,* ਜਿਲਦ 6, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿੱਲੇ: ਅਬਿੰਗਡਨ, 1956), 1134 ਵਿਚ ਵੇਖੋ ਰੌਬਰਟ ਸੀ. ਡੈਂਟਨ, ''ਮਲਾਕੀ।''